# ਜੇ ਤੁਹਾਨੂੰ ਛੇਤੀ ਡਾਕਟਰੀ ਮਦਦ ਦੀ ਲੋੜ ਹੋਵੇ, ਪਰ ਜ਼ਿੰਦਗੀ ਨੂੰ ਕੋਈ ਖ਼ਤਰਾ ਨਾ ਹੋਵੇ – ਤਾਂ 111 ਨੂੰ ਫ਼ੋਨ ਕਰੋ।

NHS

## 111 ਕੀ ਹੈ?

ਜੇ ਤੁਹਾਨੂੰ ਛੇਤੀ ਡਾਕਟਰੀ ਮਦਦ ਦੀ ਲੋੜ ਹੋਵੇ, ਪਰ ਜ਼ਿੰਦਗੀ ਨੂੰ ਕੋਈ ਖ਼ਤਰਾ ਨਾ ਹੋਵੇ, ਤਾਂ ਐਨ ਐਚ ਐੱਸ ਦੇ ਨਵੇਂ ਨੰਬਰ 111 'ਤੇ ਫ਼ੋਨ ਕਰੋ। ਜਦ ਤੁਸੀਂ ਨੰਬਰ 111 'ਤੇ ਫ਼ੋਨ ਕਰੋਗੇ, ਤਾਂ ਕੋਈ ਮਾਹਿਰ ਤੁਹਾਨੂੰ ਕੁਝ ਸਵਾਲ ਪੁੱਛ ਕੇ ਪਤਾ ਕਰੇਗਾ ਕਿ ਕੀ ਤਕਲੀਫ਼ ਹੈ। ਉਹ ਤੁਹਾਨੂੰ ਡਾਕਟਰੀ ਸਲਾਹ ਦੇਵੇਗਾ ਅਤੇ ਤੁਹਾਡਾ ਸੰਪਰਕ ਕਿਸੇ ਨਾਲ ਕਰਵਾਏਗਾ ਜੋ ਤੁਹਾਡੀ ਮਦਦ ਕਰ ਸਕੇ, ਜਿਵੇਂ ਆਮ ਸਮੇਂ ਤੋਂ ਪਹਿਲਾਂ ਜਾਂ ਬਾਅਦ ਕੰਮ ਕਰਨ ਵਾਲਾ ਕੋਈ ਡਾਕਟਰ ਜਾਂ ਕੋਈ ਕਮਿਉਨਿਟੀ ਨਰਸ।

ਜੇ ਸਲਾਹਕਾਰ ਇਹ ਸਮਝੇ ਕਿ ਹਾਲਤ ਵੱਧ ਗੰਭੀਰ ਹੈ, ਤਾਂ ਉਹ ਤੁਹਾਨੂੰ ਕਿਸੇ ਹਸਪਤਾਲ ਭੇਜੇਗਾ ਜਾਂ ਐਂਬੂਲੈਂਸ ਬੁਲਾਏਗਾ। ਜੇ ਤੁਸੀਂ ਅੰਗਰੇਜ਼ੀ ਨਹੀਂ ਬੋਲ ਸਕਦੇ, ਤਾਂ ਸਲਾਹਕਾਰ ਨੂੰ ਦੱਸੋ ਕਿ ਤੁਸੀਂ ਕਿਹੜੀ ਬੋਲੀ ਬੋਲਦੇ ਹੋ, ਅਤੇ ਉਹ ਗੱਲਬਾਤ ਸਮਝਾਉਣ ਲਈ ਕਿਸੇ ਇੰਟਰਪ੍ਰੈਟਰ ਦਾ ਪ੍ਰਬੰਧ ਕਰੇਗਾ। ਤੁਸੀਂ ਦਿਨ ਰਾਤ ਕਿਸੇ ਵੇਲੇ ਵੀ 111 ਨੂੰ ਫ਼ੋਨ ਕਰ ਸਕਦੇ ਹੋ। ਲੈਂਡਲਾਈਨਾਂ ਅਤੇ ਮੋਬਾਈਲ ਫ਼ੋਨਾਂ ਤੋਂ ਇਹ ਫ਼ੋਨ ਕਾੱਲ ਮੁਫ਼ਤ ਹੁੰਦੀ ਹੈ।

## ਇਹਦੀ ਵਰਤੋਂ ਮੈਂ ਕਦ ਕਰਾਂ?

ਤੁਹਾਨੂੰ ਨੰਬਰ 999 ਦੀ ਵਰਤੋਂ ਕਿਸੇ ਮੁਸੀਬਤ ਵੇਲੇ ਹੀ ਕਰਨੀ ਚਾਹੀਦੀ ਹੈ – ਜਿਵੇਂ ਕਿ ਜਦ ਕਿਸੇ ਦੀ ਜਾਨ ਨੂੰ ਖ਼ਤਰਾ ਹੋਵੇ, ਜਾਂ ਕੋਈ ਗੰਭੀਰ ਰੂਪ ਵਿਚ ਜ਼ਖ਼ਮੀ ਜਾਂ ਬੀਮਾਰ ਹੋਵੇ।

ਤੁਸੀਂ 111 ਨੂੰ ਉਸ ਵੇਲੇ ਫ਼ੋਨ ਕਰੋ ਜਦ ਤੁਹਾਨੂੰ ਛੇਤੀ ਮਦਦ ਚਾਹੀਦੀ ਹੋਵੇ, ਪਰ ਕਿਸੇ ਦੀ ਜ਼ਿੰਦਗੀ ਨੂੰ ਖ਼ਤਰਾ ਨਾ ਹੋਵੇ – ਜਿਵੇਂ ਕਿ

- ਜੇ ਤੁਸੀਂ ਸਮਝੋ ਕਿ ਤੁਹਾਨੂੰ ਹਸਪਤਾਲ ਜਾਣ ਦੀ ਲੋੜ ਹੈ
- ਤੁਹਾਨੂੰ ਪਤਾ ਨਾ ਹੋਵੇ ਕਿ ਤੁਸੀਂ ਡਾਕਟਰੀ ਮਦਦ ਲੈਣ ਲਈ ਕਿਹਨੂੰ ਫ਼ੋਨ ਕਰੋ
- ਫ਼ੋਨ ਕਰਨ ਲਈ ਤੁਹਾਡਾ ਕੋਈ ਜੀ ਪੀ ਡਾਕਟਰ ਨਹੀਂ
- ਤੁਹਾਨੂੰ ਡਾਕਟਰੀ ਸਲਾਹ ਦੀ ਜਾਂ ਇਸ ਗੱਲ ਦੀ ਤਸੱਲੀ ਦੀ ਲੋੜ ਹੋਵੇ ਕਿ ਅਗਾਂਹ ਕੀ ਕਰਨਾ ਚਾਹੀਦਾ ਹੈ

ਸਿਹਤ ਦੀਆਂ ਜਿਹਨਾਂ ਲੋੜਾਂ ਬਾਰੇ ਤੁਰੰਤ ਸਲਾਹ ਲੈਣ ਦੀ ਲੋੜ ਨਹੀਂ, ਉਹਨਾਂ ਬਾਰੇ ਆਪਣੇ ਜੀ ਪੀ ਡਾਕਟਰ ਨੂੰ ਫ਼ੋਨ ਕਰੋ।

ਜੇ ਸਿਹਤ ਬਾਰੇ ਕਿਸੇ ਸਲਾਹਕਾਰ ਨੇ ਤੁਹਾਨੂੰ ਕਿਸੇ ਖ਼ਾਸ ਨੰਬਰ 'ਤੇ ਫ਼ੋਨ ਕਰਨ ਲਈ ਕਿਹਾ ਹੈ, ਤਾਂ ਤੁਸੀਂ ਉਸੇ ਨੰਬਰ ਦੀ ਵਰਤੋਂ ਕਰਦੇ ਰਹੋ।

## ਇਹਦੀ ਵਰਤੋਂ ਕੌਣ ਕਰ ਸਕਦਾ ਹੈ?

ਐਨ ਐਚ ਐੱਸ 111 ਨੰਬਰ ਦੀ ਵਰਤੋਂ ਇਸ ਵੇਲੇ ਇੰਗਲੈਂਡ ਦੇ ਕੁਝ ਖ਼ਾਸ ਹਿੱਸਿਆਂ ਵਿਚ ਹੀ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਇਹਨਾਂ ਇਲਾਕਿਆਂ ਤੋਂ ਬਾਹਰ ਰਹਿੰਦੇ ਹੋ, ਤਾਂ ਤੁਸੀਂ ਐਨ ਐਚ ਐੱਸ ਡਾਇਰੈਕਟ ਨੂੰ ਇਸ ਨੰਬਰ 'ਤੇ ਫ਼ੋਨ ਕਰੋ – 0845 4647.

CALL 111

**when it's less urgent than 999**

## ਵਧੇਰੇ ਜਾਣਕਾਰੀ

**ਇਹ ਪਤਾ ਕਰਨ ਲਈ ਕਿ ਐਨ ਐਚ ਐੱਸ 111 ਸੇਵਾ ਕਿੱਥੇ ਮਿਲ ਸਕਦੀ ਹੈ, ਜਾਂ ਇਹ ਪਰਚਾ ਕਿਸੇ ਹੋਰ ਬੋਲੀ ਵਿਚ ਲੈਣ ਲਈ ਇਹ ਵੈੱਬਸਾਈਟ ਪੜ੍ਹੋ – www.nhs.uk/111**

Punjabi